# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ., ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8, ਐੱਸ.ਏ.ਐੱਸ.ਨਗਰ
ਈ.ਮੇਲ- parhopunjab@punjabeducation.gov.in, directorscert@punjabeducation.gov.in
ਫੋਨ ਨੰ. : 0172-2212221

ਵੱਲ

ਸਮੂਹ ਸਕੂਲ ਮੁਖੀ (ਸਰਕਾਰੀ, ਏਡਿਡ, ਪ੍ਰਾਈਵੇਟ ਸਕੂਲ)
ਪੰਜਾਬ।

ਮੀਮੋ ਨੰ. SCERT/PPPP/PRI./2022।43603 ਮਿਤੀ:- 17-06-2022

**ਵਿਸ਼ਾ:- ਰੀਡਿੰਗ ਦਿਵਸ, ਹਫ਼ਤਾ ਅਤੇ ਮਹੀਨਾ ਮਨਾਉਣ ਸੰਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ 2020 ਤਹਿਤ ਵਿਦਿਆਰਥੀਆਂ ਦੀਆਂ ਪੜ੍ਹਨ ਕੁਸ਼ਲਤਾਵਾਂ ਦਾ ਵਿਕਾਸ ਕਰਨ 'ਤੇ ਵਿਸ਼ੇਸ਼ ਫੋਕਸ ਕੀਤਾ ਗਿਆ ਹੈ। ਇਸ ਤਹਿਤ ਪਿਛਲੇ ਸਮੇਂ ਦੌਰਾਨ ਵਿਦਿਆਰਥੀਆਂ ਦੀਆਂ ਪੜ੍ਹਨ ਕੁਸ਼ਲਤਾਵਾਂ ਵਿੱਚ ਸੁਧਾਰ ਕਰਨ ਲਈ 100 ਦਿਨਾਂ ਪੜ੍ਹਨ ਮੁਹਿੰਮ ਵੀ ਜਨਵਰੀ 2022 ਤੋਂ ਅਪ੍ਰੈਲ 2022 ਤੱਕ ਚਲਾਈ ਗਈ ਸੀ।

3.0 ਵਿਦਿਆਰਥੀਆਂ ਦੀਆਂ ਪੜ੍ਹਨ ਕੁਸ਼ਲਤਾਵਾਂ ਵਿੱਚ ਸੁਧਾਰ ਕਰਨ ਹਿੱਤ ਪਿਛਲੇ ਲੰਬੇ ਸਮੇਂ ਤੋਂ 'ਰੀਡਿੰਗ ਮਹੀਨੇ' ਅਧੀਨ P.N. Panicker Foundation ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਆਨ-ਲਾਈਨ ਪੱਧਰ 'ਤੇ (ਸੈਮੀਨਾਰ, ਵਰਕਸ਼ਾਪ, ਕੁਈਜ਼, ਲੇਖ ਲਿਖਣ ਮੁਕਾਬਲੇ ਆਦਿ) ਕਰਵਾਉਣ ਲਈ ਯੋਗਦਾਨ ਪਾਇਆ ਜਾ ਰਿਹਾ ਹੈ।

4.0 'ਰੀਡਿੰਗ ਮਿਸ਼ਨ' 2022 ਤਹਿਤ ਵੀ 19 ਜੂਨ ਨੂੰ ਹਰ ਸਾਲ ਦੀ ਤਰ੍ਹਾਂ ਰਾਸ਼ਟਰੀ 'ਰੀਡਿੰਗ ਦਿਵਸ' ਦਿਨ ਦੇ ਤੌਰ 'ਤੇ ਅਤੇ ਉਸ ਤੋਂ ਬਾਅਦ ਇੱਕ ਹਫ਼ਤੇ ਨੂੰ ਰੀਡਿੰਗ ਹਫ਼ਤੇ ਦੇ ਤੌਰ 'ਤੇ ਮਨਾਇਆ ਜਾਣਾ ਹੈ। ਇਸ ਤੋਂ ਇਲਾਵਾ P.N. Panicker Foundation ਵੱਲੋਂ 19 ਜੂਨ ਤੋਂ 18 ਜੁਲਾਈ 2022 (ਰੀਡਿੰਗ ਮਹੀਨੇ) ਦੌਰਾਨ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ Hybrid Mode ਵਿੱਚ ਸਕੂਲਾਂ/ਕਾਲਜਾਂ/ਲਾਇਬ੍ਰੇਰੀਆਂ ਵਿੱਚ ਕਰਵਾਈਆਂ ਜਾਈਆਂ ਹਨ। ਇਹਨਾਂ ਵੱਖ-ਵੱਖ ਗਤੀਵਿਧੀਆਂ ਦਾ ਵਿਸਥਾਰਿਤ ਵੇਰਵਾ pnpanickerfoundation.org ਲਿੰਕ ਤੇ ਉਪਲਬੱਧ ਹੈ।

5.0 ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ P.N. Panicker Foundation ਵੱਲੋਂ ਜਿਨ੍ਹਾਂ ਗਤੀਵਿਧੀਆਂ ਨੂੰ ਕਰਵਾਉਣ ਦਾ ਸੁਝਾਅ ਦਿੱਤਾ ਗਿਆ ਹੈ, ਸਕੂਲ ਉਹਨਾਂ ਗਤੀਵਿਧੀਆਂ ਨੂੰ ਜਾਂ ਆਪਣੇ ਪੱਧਰ 'ਤੇ ਰੀਡਿੰਗ ਸੰਬੰਧੀ ਗਤੀਵਿਧੀਆਂ ਦੀ ਯੋਜਨਾਬੰਦੀ ਕਰਕੇ ਰੀਡਿੰਗ ਦਿਵਸ, ਹਫ਼ਤਾ ਅਤੇ ਮਹੀਨਾ ਮਨਾਉਣ। ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ P.N. Panicker Foundation ਵੱਲੋਂ ਕਰਵਾਈਆਂ ਜਾਣ ਵਾਲੀਆਂ ਆਨ-ਲਾਈਨ ਗਤੀਵਿਧੀਆਂ ਅਤੇ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

**ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ।**